ਸੰਸਕਰਣ ਮਿਤੀ: 1 ਦਸੰਬਰ 2023

# mRNA COVID-19 ਵੈਕਸੀਨ ਦੇ ਟੀਕਾਕਰਨ ਲਈ ਤੱਥਾਂ ਦਾ ਪੱਤਰ

ਇਹ ਤੱਥ-ਪੱਤਰ ਸਿਰਫ਼ ਸਰਕਾਰੀ COVID-19 ਟੀਕਾਕਰਨ ਪ੍ਰੋਗਰਾਮ ਅਧੀਨ ਮੁਹੱਈਆ ਕਰਵਾਏ mRNA COVID-19 ਟੀਕਿਆਂ ਬਾਰੇ ਦੱਸਦਾ ਹੈ। ਸਰਕਾਰੀ ਟੀਕਾਕਰਨ ਪ੍ਰੋਗਰਾਮ ਤੋਂ ਬਾਹਰ ਹਾਂਗ ਕਾਂਗ ਵਿੱਚ ਵਰਤੋਂ ਲਈ ਰਜਿਸਟਰਡ ਹੋਰ COVID-19 ਟੀਕਿਆਂ ਲਈ, ਕਿਰਪਾ ਕਰਕੇ ਆਪਣੇ ਪਰਿਵਾਰਕ ਡਾਕਟਰ ਜਾਂ ਨਿੱਜੀ ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਸੰਪਰਕ ਕਰੋ।
**https://www.chp.gov.hk/en/features/106959.html**

## 1. ਮੈਸੇਂਜਰ ਰਾਈਬੋਨਿਊਕਲਿਕ ਐਸਿਡ (mRNA) COVID-19 ਟੀਕਾ ਕੀ ਹੈ ਅਤੇ ਇਹ ਕਿਵੇਂ ਦਿੱਤਾ ਜਾਂਦਾ ਹੈ

mRNA COVID-19 ਵੈਕਸੀਨ SARS-CoV-2 ਵਾਇਰਸ ਕਾਰਨ ਹੋਣ ਵਾਲੀ COVID-19 ਬਿਮਾਰੀ ਦੇ ਵਿਰੁੱਧ ਸਰਗਰਮ ਟੀਕਾਕਰਨ ਲਈ ਹੈ। mRNA COVID-19 ਵੈਕਸੀਨ ਨੂੰ ਉੱਪਰੀ ਬਾਂਹ ਦੇ ਡੈਲਟੋਇਡ ਖੇਤਰ ਵਿੱਚ ਇੰਟਰਾਮਸਕੁਲਰ ਇੰਜੈਕਸ਼ਨ ਦੁਆਰਾ ਲਗਾਇਆ ਜਾਂਦਾ ਹੈ। ਵੈਕਸੀਨ ਰਾਹੀਂ ਰੋਕਥਾਮ ਯੋਗ ਬਿਮਾਰੀਆਂ ਅਤੇ ਉਭਰ ਰਹੇ ਅਤੇ ਜ਼ੂਨੋਟਿਕ ਰੋਗਾਂ 'ਤੇ ਸੰਯੁਕਤ ਵਿਗਿਆਨਕ ਕਮੇਟੀਆਂ (JSC) ਨੇ mRNA COVID-19 ਵੈਕਸੀਨ ਦੇ ਮਿਡ-ਐਂਟੀਰੋਲੇਟਰਲ ਪੱਟ 'ਤੇ, ਖਾਸ ਤੌਰ 'ਤੇ ਬੱਚਿਆਂ ਅਤੇ ਕਿਸ਼ੋਰਾਂ ਲਈ ਇੰਟਰਾਮਸਕੂਲਰ ਟੀਕੇ ਦੀ ਸਿਫ਼ਾਰਸ਼ ਕੀਤੀ ਹੈ।

- ਨਵੀਨਤਮ ਟੀਕਾਕਰਨ ਸਿਫ਼ਾਰਸ਼ਾਂ ਲਈ, ਕਿਰਪਾ ਕਰਕੇ "ਮੇਰੇ ਲਈ COVID-19 ਵੈਕਸੀਨ ਦੀਆਂ ਕਿੰਨੀਆਂ ਖੁਰਾਕਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ?" ਵੇਖੋ।

- COVID-19 ਨਾਲ ਸੰਕਰਮਿਤ ਹੋਏ ਵਿਅਕਤੀਆਂ ਲਈ, ਕਿਰਪਾ ਕਰਕੇ "ਪਹਿਲਾਂ COVID-19 ਇਨਫੈਕਸ਼ਨ ਵਾਲੇ ਵਿਅਕਤੀਆਂ ਲਈ COVID-19 ਟੀਕਾਕਰਨ ਬਾਰੇ ਤੱਥ ਪੱਤਰ" ਵੇਖੋ।

- ਪ੍ਰੋਗਰਾਮ ਦੇ ਤਹਿਤ ਉਪਲਬਧ COVID-19 ਟੀਕਿਆਂ ਬਾਰੇ ਵਧੇਰੇ ਜਾਣਨ ਲਈ, ਕਿਰਪਾ ਕਰਕੇ ਅਕਸਰ ਪੁੱਛੇ ਜਾਣ ਵਾਲੇ ਸਵਾਲ 3 (https://www.chp.gov.hk/en/features/106953.html#FAQ_A3) ਨੂੰ ਦੇਖੋ।

ਜੇਕਰ mRNA COVID-19 ਵੈਕਸੀਨ ਦੀ ਵਰਤੋਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਟੀਕਾਕਰਨ ਤੋਂ ਪਹਿਲਾਂ ਆਪਣੇ ਪਰਿਵਾਰਕ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## 2. mRNA ਵੈਕਸੀਨ ਲੈਣ ਤੋਂ ਪਹਿਲਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਜੇਕਰ ਤੁਹਾਨੂੰ ਇਸਦੀ ਪਿਛਲੀ ਖੁਰਾਕ, ਜਾਂ ਸਰਗਰਮ ਪਦਾਰਥ ਜਾਂ ਉਸ mRNA COVID-19 ਵੈਕਸੀਨ ਦੇ ਕਿਸੇ ਹੋਰ ਸਾਮੱਗਰੀ ਤੋਂ ਐਲਰਜੀ ਹੈ, ਤਾਂ mRNA COVID-19 ਵੈਕਸੀਨ ਨਹੀਂ ਦਿੱਤੀ ਜਾਣੀ ਚਾਹੀਦੀ। ਵੇਰਵਿਆਂ ਲਈ ਕਿਰਪਾ ਕਰਕੇ ਸੰਬੰਧਿਤ ਪੈਕੇਜ ਵਿੱਚ ਦਿੱਤੀ ਪਰਚੀ ਨੂੰ ਵੇਖੋ ਜਾਂ ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਸਲਾਹ ਕਰੋ।

### ਚੇਤਾਵਨੀਆਂ ਅਤੇ ਸਾਵਧਾਨੀਆਂ

ਤੁਹਾਨੂੰ ਵੈਕਸੀਨ ਦੇਣ ਤੋਂ ਪਹਿਲਾਂ ਆਪਣੇ ਡਾਕਟਰ, ਫਾਰਮਾਸਿਸਟ ਜਾਂ ਨਰਸ ਨਾਲ ਗੱਲ ਕਰੋ ਜੇਕਰ:
- ਤੁਹਾਨੂੰ ਕਦੇ ਵੀ ਕਿਸੇ ਹੋਰ ਵੈਕਸੀਨ ਦੇ ਟੀਕੇ ਤੋਂ ਬਾਅਦ ਜਾਂ ਤੁਹਾਨੂੰ ਅਤੀਤ ਵਿੱਚ mRNA COVID-19 ਵੈਕਸੀਨ ਦਿੱਤੇ ਜਾਣ ਤੋਂ ਬਾਅਦ ਗੰਭੀਰ, ਜਾਨਲੇਵਾ ਐਲਰਜੀ ਪ੍ਰਤੀਕ੍ਰਿਆ ਜਾਂ ਸਾਹ ਲੈਣ ਵਿੱਚ ਸਮੱਸਿਆ ਆਈ ਹੈ।
- ਤੁਹਾਨੂੰ ਟੀਕਾਕਰਨ ਦੀ ਪ੍ਰਕਿਰਿਆ ਬਾਰੇ ਚਿੰਤਾ ਹੈ/ਘਬਰਾਹਟ ਮਹਿਸੂਸ ਹੋ ਰਹੀ ਹੈ ਜਾਂ ਤੁਸੀਂ ਕਦੇ ਕਿਸੇ ਸੂਈ ਦੇ ਟੀਕੇ ਤੋਂ

ਬਾਅਦ ਬੇਹੋਸ਼ ਹੋ ਗਏ ਹੋ।

- ਤੁਹਾਡੀ ਇਮਿਊਨ ਸਿਸਟਮ ਕਮਜ਼ੋਰ ਹੈ, ਕਿਉਂਕਿ HIV ਦੀ ਲਾਗ ਜਾਂ ਕੋਰਟੀਕੋਸਟੀਰੋਇਡ ਵਰਗੀ ਦਵਾਈ ਜੋ ਤੁਹਾਡੀ ਇਮਿਊਨ ਸਿਸਟਮ ਨੂੰ ਪ੍ਰਭਾਵਿਤ ਕਰਦੀ ਹੈ।
- ਤੁਹਾਨੂੰ ਤੇਜ਼ ਬੁਖਾਰ ਨਾਲ ਗੰਭੀਰ ਬੀਮਾਰੀ ਜਾਂ ਇਨਫੈਕਸ਼ਨ ਹੈ। ਹਾਲਾਂਕਿ, ਜੇਕਰ ਤੁਹਾਨੂੰ ਹਲਕਾ ਬੁਖਾਰ ਜਾਂ ਉੱਪਰੀ ਸਾਹ ਨਾਲੀ ਦੀ ਇਨਫੈਕਸ਼ਨ ਜਿਵੇਂ ਕਿ ਜ਼ੁਕਾਮ ਹੈ ਤਾਂ ਤੁਸੀਂ ਆਪਣਾ ਟੀਕਾਕਰਨ ਕਰਵਾ ਸਕਦੇ ਹੋ।
- ਤੁਹਾਨੂੰ ਕੋਈ ਗੰਭੀਰ ਬੀਮਾਰੀ ਹੈ।
- ਤੁਹਾਨੂੰ ਖ਼ੂਨ ਵਗਣ ਦੀ ਸਮੱਸਿਆ ਹੈ, ਤੁਸੀਂ ਆਸਾਨੀ ਨਾਲ ਸੱਟ ਲੱਗ ਜਾਂਦੀ ਹੈ ਜਾਂ ਤੁਸੀਂ ਖ਼ੂਨ ਦੇ ਥੱਕੇ ਨੂੰ ਰੋਕਣ ਲਈ ਦਵਾਈ ਦੀ ਵਰਤੋਂ ਕਰਦੇ ਹੋ।
- ਤੁਹਾਨੂੰ ਪਹਿਲਾਂ ਕੇਪਿਲੇਰੀ ਲੀਕ ਸਿੰਡਰੋਮ ਦੇ ਐਪੀਸੋਡ ਸਨ

## ਬੱਚੇ

ਬੱਚਿਆਂ ਨੂੰ ਉਮਰ-ਮੁਤਾਬਕ mRNA COVID-19 ਟੀਕਾਕਰਣ ਅਤੇ ਖੁਰਾਕ ਪ੍ਰਾਪਤ ਕਰਨੀ ਚਾਹੀਦੀ ਹੈ।

ਵਧੇਰੇ ਵੇਰਵਿਆਂ ਲਈ ਕਿਰਪਾ ਕਰਕੇ "ਬੱਚਿਆਂ ਅਤੇ ਕਿਸ਼ੋਰਾਂ ਲਈ COVID-19 ਟੀਕਾਕਰਨ ਬਾਰੇ ਨੋਟ ਕਰਨ ਵਾਲੇ ਨੁਕਤੇ ਅਤੇ ਅਕਸਰ ਪੁੱਛੇ ਜਾਂਦੇ ਸਵਾਲ" ਵੇਖੋ।

## ਹੋਰ ਦਵਾਈਆਂ ਅਤੇ mRNA COVID-19 ਟੀਕਾ

ਆਪਣੇ ਡਾਕਟਰ ਜਾਂ ਫਾਰਮਾਸਿਸਟ ਨੂੰ ਉਸ ਬਾਰੇ ਦੱਸੋ ਜੇ ਤੁਸੀਂ ਕੋਈ ਦਵਾਈ ਦੀ ਵਰਤੋਂ ਕਰ ਰਹੇ ਹੋ, ਹਾਲ ਹੀ ਵਿੱਚ ਵਰਤੀ ਹੈ ਜਾਂ ਕੋਈ ਹੋਰ ਦਵਾਈਆਂ ਵਰਤ ਸਕਦੇ ਹੋ ਜਾਂ ਹਾਲ ਹੀ ਵਿੱਚ ਕੋਈ ਹੋਰ ਵੈਕਸੀਨ ਪ੍ਰਾਪਤ ਕੀਤੀ ਹੈ।

JSC ਨੇ ਵਿਚਾਰ ਕੀਤਾ ਕਿ mRNA COVID19 ਵੈਕਸੀਨ ਨੂੰ ਸੂਚਿਤ ਸਹਿਮਤੀ ਦੇ ਤਹਿਤ ਕਿਸੇ ਵੀ ਹੋਰ ਵੈਕਸੀਨ (ਲਾਈਵ ਐਟੇਨਿਊਏਟਿਡ ਵੈਕਸੀਨਾਂ ਸਮੇਤ) ਦੇ ਨਾਲ ਸਹਿ-ਪ੍ਰਬੰਧਿਤ ਕੀਤਾ ਜਾ ਸਕਦਾ ਹੈ। ਹਾਲਾਂਕਿ, ਜੇਕਰ ਲੋਕ mRNA COVID-19 ਵੈਕਸੀਨ ਨੂੰ ਲਾਈਵ ਐਟੇਨਿਊਏਟਿਡ ਵੈਕਸੀਨ ਨਾਲ ਬਦਲਣਾ ਚਾਹੁੰਦੇ ਹਨ, ਤਾਂ 14 ਦਿਨਾਂ ਦਾ ਅੰਤਰਾਲ ਕਾਫੀ ਹੈ।

## ਗਰਭ ਅਵਸਥਾ ਅਤੇ ਦੁੱਧ ਚੁੰਘਾਉਣਾ

ਗਰਭਵਤੀ ਔਰਤਾਂ ਨੂੰ COVID-19 ਇਨਫੈਕਸ਼ਨਾਂ ਤੋਂ ਪੈਦਾ ਹੋਣ ਵਾਲੀਆਂ ਪੇਚੀਦਗੀਆਂ ਦਾ ਵਧੇਰੇ ਖ਼ਤਰਾ ਹੁੰਦਾ ਹੈ।

COVID-19 ਵੈਕਸੀਨ ਗਰਭ ਅਵਸਥਾ ਦੌਰਾਨ ਕਿਸੇ ਵੀ ਸਮੇਂ ਸੁਰੱਖਿਅਤ ਢੰਗ ਨਾਲ ਦਿੱਤੀ ਜਾ ਸਕਦੀ ਹੈ। ਵਿਸ਼ਵ ਸਿਹਤ ਸੰਸਥਾ (WHO) ਨੇ ਸਿਫ਼ਾਰਸ਼ ਕੀਤੀ ਹੈ ਕਿ ਗਰਭਵਤੀ ਔਰਤਾਂ, ਭਰੂਣ ਅਤੇ ਬੱਚੇ ਦੀ ਸੁਰੱਖਿਆ ਨੂੰ ਅਨੁਕੂਲ ਬਣਾਉਣ ਲਈ ਮੱਧ-ਦੂਜੀ ਤਿਮਾਹੀ ਵਿੱਚ COVID-19 ਟੀਕਾਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

WHO ਟੀਕਾਕਰਣ ਦੇ ਕਾਰਨ ਛਾਤੀ ਦਾ ਦੁੱਧ ਚੁੰਘਾਉਣਾ ਬੰਦ ਕਰਨ ਦੀ ਸਿਫਾਰਸ਼ ਨਹੀਂ ਕਰਦਾ ਹੈ। ਜਿਵੇਂ ਕਿ ਇੱਕ mRNA COVID-19 ਵੈਕਸੀਨ ਇੱਕ ਲਾਈਵ ਵੈਕਸੀਨ ਨਹੀਂ ਹੈ, mRNA ਸੈੱਲ ਦੇ ਨਿਊਕਲੀਅਸ ਵਿੱਚ ਦਾਖਲ ਨਹੀਂ ਹੁੰਦਾ ਅਤੇ ਤੇਜ਼ੀ ਨਾਲ ਡੀਗ੍ਰੇਡ ਹੋ ਜਾਂਦਾ ਹੈ। ਇਸ ਨਾਲ ਜੈਵਿਕ ਤੌਰ ਤੇ ਅਤੇ ਡਾਕਟਰੀ ਤੌਰ 'ਤੇ ਛਾਤੀ ਦਾ ਦੁੱਧ ਚੁੰਘਾਉਣ ਵਾਲੇ ਬੱਚੇ ਲਈ ਜੋਖਮ ਪੈਦਾ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ।.

## ਗੱਡੀ ਚਲਾਉਣਾ ਅਤੇ ਮਸ਼ੀਨਾਂ ਦੀ ਵਰਤੋਂ ਕਰਨਾ

ਜੇਕਰ ਤੁਸੀਂ ਟੀਕਾਕਰਨ ਤੋਂ ਬਾਅਦ ਬਿਮਾਰ ਮਹਿਸੂਸ ਕਰ ਰਹੇ ਹੋ ਤਾਂ ਗੱਡੀ ਨਾ ਚਲਾਓ ਜਾਂ ਮਸ਼ੀਨਾਂ ਦੀ ਵਰਤੋਂ ਨਾ ਕਰੋ। ਗੱਡੀ ਚਲਾਉਣ ਜਾਂ ਮਸ਼ੀਨਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਸਦੇ ਪ੍ਰਭਾਵ ਖਤਮ ਹੋਣ ਤੱਕ ਉਡੀਕ ਕਰੋ।

## 3. ਸੰਭਾਵੀ ਸਾਈਡ ਇਫੈਕਟ

ਸਾਰੀਆਂ ਵੈਕਸੀਨਾਂ ਵਾਂਗ, mRNA COVID-19 ਵੈਕਸੀਨ ਸਾਈਡ ਇਫੈਕਟਾਂ ਦਾ ਕਾਰਨ ਬਣ ਸਕਦੀ ਹੈ, ਹਾਲਾਂਕਿ ਇਹ ਹਰ ਕਿਸੇ ਨੂੰ ਨਹੀਂ ਹੁੰਦੇ। ਬਹੁਤ ਆਮ ਸਾਈਡ ਇਫੈਕਟਸ ਵਿੱਚ ਸਥਾਨਕ ਪ੍ਰਤੀਕ੍ਰਿਆਵਾਂ (ਇੰਜੈਕਸ਼ਨ ਵਾਲੀ ਥਾਂ ਵਿੱਚ ਦਰਦ ਅਤੇ ਸੋਜ), ਥਕਾਵਟ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਜੋੜਾਂ ਵਿੱਚ ਦਰਦ/ਅਕੜਨ, ਮਤਲੀ, ਉਲਟੀਆਂ, ਦਸਤ, ਠੰਢ, ਬੁਖ਼ਾਰ, ਸੋਜ ਅਤੇ ਕੱਛ ਵਿੱਚ ਕੋਮਲਤਾ, ਆਦਿ ਸ਼ਾਮਲ ਹੋ ਸਕਦੇ ਹਨ।
ਇਹਨਾਂ ਵਿੱਚੋਂ ਕੁਝ ਮਾੜੇ ਪ੍ਰਭਾਵ ਬਾਲਗਾਂ ਦੇ ਮੁਕਾਬਲੇ 12-15 ਸਾਲ ਦੀ ਉਮਰ ਦੇ ਕਿਸ਼ੋਰਾਂ ਵਿੱਚ ਅਕਸਰ ਥੋੜ੍ਹੇ ਜ਼ਿਆਦਾ ਹੁੰਦੇ ਹਨ।

5 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੀ ਚਿੜਚਿੜਾਪਨ / ਰੋਣਾ, ਭੁੱਖ ਘੱਟ ਲੱਗਣਾ, ਨੀਂਦ ਅਤੇ ਸੁਸਤੀ ਆਦਿ ਹੋ ਸਕਦੇ ਹਨ।

ਜੇਕਰ ਤੁਹਾਨੂੰ mRNA COVID-19 ਵੈਕਸੀਨ ਲੈਣ ਤੋਂ ਬਾਅਦ ਗੰਭੀਰ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ (ਜਿਵੇਂ ਸਾਹ ਲੈਣ ਵਿੱਚ ਦਿੱਕਤ, ਘਰਘਰਾਹਟ, ਬੁੱਲ੍ਹ, ਜੀਭ ਜਾਂ ਚਿਹਰੇ ਦੀ ਸੋਜ, ਖਾਰਿਸ਼ ਆਦਿ) ਜਾਂ ਹੋਰ ਉਲਟ ਘਟਨਾਵਾਂ ਦਾ ਅਨੁਭਵ ਹੁੰਦਾ ਹੈ, ਤਾਂ ਕਿਰਪਾ ਕਰਕੇ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

mRNA COVID-19 ਟੀਕਾਕਰਣ ਤੋਂ ਬਾਅਦ ਮਾਇਓਕਾਰਡਾਈਟਿਸ (ਦਿਲ ਦੀਆਂ ਮਾਸਪੇਸ਼ੀਆਂ ਦੀ ਸੋਜਸ਼) ਅਤੇ ਪੈਰੀਕਾਰਡਾਈਟਿਸ (ਦਿਲ ਦੇ ਬਾਹਰ ਦੀ ਪਰਤ ਦੀ ਸੋਜਸ਼) ਦਾ ਵੱਧ ਜੋਖਮ ਹੁੰਦਾ ਹੈ। ਇਹ ਸਥਿਤੀਆਂ ਟੀਕਾਕਰਨ ਤੋਂ ਬਾਅਦ ਕੁਝ ਦਿਨਾਂ ਦੇ ਅੰਦਰ ਵਿਕਸਤ ਹੋ ਸਕਦੀਆਂ ਹਨ ਅਤੇ ਮੁੱਖ ਤੌਰ 'ਤੇ 14 ਦਿਨਾਂ ਦੇ ਅੰਦਰ ਵਾਪਰਦੀਆਂ ਹਨ। ਉਹਨਾਂ ਨੂੰ ਦੂਜੀ ਵਾਰ ਦੇ ਟੀਕਾਕਰਣ ਤੋਂ ਬਾਅਦ ਅਕਸਰ ਦੇਖਿਆ ਗਿਆ ਹੈ, ਅਤੇ ਅਕਸਰ ਛੋਟੇ ਮਰਦਾਂ ਵਿੱਚ ਦੇਖਿਆ ਗਿਆ ਹੈ। 12 ਤੋਂ 17 ਸਾਲ ਦੀ ਉਮਰ ਦੇ ਮੁਕਾਬਲੇ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਮਾਇਓਕਾਰਡਾਈਟਸ ਅਤੇ ਪੈਰੀਕਾਰਡਾਈਟਿਸ ਦਾ ਜੋਖਮ ਘੱਟ ਹੁੰਦਾ ਹੈ। ਮਾਇਓਕਾਰਡਾਈਟਿਸ ਅਤੇ ਪੈਰੀਕਾਰਡਾਈਟਿਸ ਦੇ ਜ਼ਿਆਦਾਤਰ ਕੇਸ ਠੀਕ ਹੋ ਜਾਂਦੇ ਹਨ। ਕੁਝ ਮਾਮਲਿਆਂ ਵਿੱਚ ਤੀਬਰ ਦੇਖਭਾਲ ਸਹਾਇਤਾ ਦੀ ਲੋੜ ਹੁੰਦੀ ਹੈ ਅਤੇ ਘਾਤਕ ਮਾਮਲੇ ਦੇਖੇ ਗਏ ਹਨ।

ਟੀਕਾਕਰਨ ਤੋਂ ਬਾਅਦ, ਤੁਹਾਨੂੰ ਮਾਇਓਕਾਰਡਾਈਟਿਸ ਅਤੇ ਪੈਰੀਕਾਰਡਾਈਟਿਸ ਦੇ ਲੱਛਣਾਂ, ਜਿਵੇਂ ਕਿ ਸਾਹ ਚੜ੍ਹਨਾ, ਧੜਕਣ ਅਤੇ ਛਾਤੀ ਵਿੱਚ ਦਰਦ, ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ, ਅਤੇ ਇਹ ਹੋਣ 'ਤੇ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ। ਵੈਕਸੀਨ ਪ੍ਰਾਪਤ ਕਰਨ ਵਾਲਿਆਂ ਨੂੰ mRNA COVID-19 ਟੀਕਾਕਰਨ ਤੋਂ ਬਾਅਦ ਇੱਕ ਹਫ਼ਤੇ ਤੱਕ ਸਖ਼ਤ ਕਸਰਤ ਤੋਂ ਬਚਣਾ ਚਾਹੀਦਾ ਹੈ।
ਵੇਰਵਿਆਂ ਲਈ ਕਿਰਪਾ ਕਰਕੇ ਸੰਬੰਧਿਤ ਪੈਕੇਜ ਦੀ ਪਰਚੀ ਨੂੰ ਵੇਖੋ ਜਾਂ ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਸਲਾਹ ਕਰੋ।

## 4. ਟੀਕਾਕਰਨ ਤੋਂ ਬਾਅਦ ਪ੍ਰਤੀਕੂਲ ਘਟਨਾਵਾਂ ਦੀ ਰਿਪੋਰਟਿੰਗ

ਸਿਹਤ ਵਿਭਾਗ ("DH") ਕੋਲ ਇੱਕ ਪ੍ਰਤੀਕੂਲ ਡਰੱਗ ਪ੍ਰਤੀਕਿਰਿਆ ("ADR") ਲਈ ਰਿਪੋਰਟਿੰਗ ਪ੍ਰਣਾਲੀ ਹੈ ਜੋ COVID-19 ਟੀਕਿਆਂ ਦੀ ਸੁਰੱਖਿਆ ਦੀ ਨਿਗਰਾਨੀ ਕਰਨ ਲਈ ਟੀਕਾਕਰਣ ਤੋਂ ਬਾਅਦ ਪ੍ਰਤੀਕੂਲ ਘਟਨਾਵਾਂ (AEFIs) ਦੀਆਂ ਰਿਪੋਰਟਾਂ ਪ੍ਰਾਪਤ ਕਰਦੀ ਹੈ। ਜੇਕਰ ਤੁਹਾਡੇ ਨਾਲ ਟੀਕਾਕਰਣ ਤੋਂ ਬਾਅਦ ਕੋਈ ਸ਼ੱਕੀ ਪ੍ਰਤੀਕੂਲ ਘਟਨਾ ਵਾਪਰਦੀ ਹੈ, ਤਾਂ ਕਿਰਪਾ ਕਰਕੇ ਸਿਹਤ ਸੰਭਾਲ ਪੇਸ਼ੇਵਰਾਂ (ਜਿਵੇਂ ਕਿ ਡਾਕਟਰ, ਦੰਦਾਂ ਦੇ ਡਾਕਟਰ, ਫਾਰਮਾਸਿਸਟ, ਨਰਸਾਂ ਅਤੇ ਚਾਈਨੀਜ਼ ਦਵਾਈਆਂ ਦੇ ਪ੍ਰੈਕਟੀਸ਼ਨਰ) ਨੂੰ ਉਨ੍ਹਾਂ ਦੀ ਸਲਾਹ ਲੈਂਦੇ ਸਮੇਂ, AEFIs ਨੂੰ DH ਨੂੰ ਰਿਪੋਰਟ ਕਰਨ ਲਈ ਸੂਚਿਤ ਕਰੋ, , ਜੇਕਰ ਉਹ ਸਮਝਦੇ ਹਨ ਕਿ AEFIs ਟੀਕਾਕਰਨ ਨਾਲ ਸਬੰਧਤ ਹੋ ਸਕਦੀ ਹੈ। .

COVID-19 ਟੀਕਾਕਰਨ ਨਾਲ ਜੁੜੀਆਂ ਸੁਰੱਖਿਆ ਅਤੇ ਕਲੀਨਿਕਲ ਘਟਨਾਵਾਂ ਦੀ ਲਗਾਤਾਰ ਨਿਗਰਾਨੀ ਕਰਨ ਲਈ, ਟੀਕਾਕਰਨ ਲਈ ਇਕੱਤਰ ਕੀਤੀ ਗਈ ਤੁਹਾਡੀ ਨਿੱਜੀ ਜਾਣਕਾਰੀ ਅਤੇ ਹਸਪਤਾਲ ਅਥਾਰਟੀ ਅਤੇ ਸੰਬੰਧਿਤ ਨਿੱਜੀ ਸਿਹਤ ਸੰਭਾਲ ਸਹੂਲਤਾਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਦੁਆਰਾ ਰੱਖੇ ਗਏ ਤੁਹਾਡੇ ਕਲੀਨਿਕਲ ਡੇਟਾ, ਸਿਹਤ ਵਿਭਾਗ ਅਤੇ ਸਰਕਾਰ ਦੇ ਨਾਲ ਸਹਿਯੋਗ ਕਰਨ ਵਾਲੀਆਂ ਸੰਬੰਧਤ ਸੰਸਥਾਵਾਂ (ਹਾਂਗ ਕਾਂਗ ਯੂਨੀਵਰਸਿਟੀ ਸਮੇਤ) ਦੁਆਰਾ ਦੇਖਿਆ ਅਤੇ ਉਪਯੋਗ ਕੀਤਾ ਜਾ ਸਕਦਾ ਹੈ, ਜਦ ਤੱਕ ਕਿ ਅਜਿਹੀ ਜਾਣਕਾਰੀ ਨਿਗਰਾਨੀ ਲਈ ਜ਼ਰੂਰੀ ਹੋਵੇ।

ਅਜਿਹੀਆਂ ਸਥਿਤੀਆਂ ਵਿੱਚ ਜਦੋਂ ਟੀਕੇ ਤੋਂ 24 ਘੰਟਿਆਂ ਬਾਅਦ ਟੀਕੇ ਵਾਲੀ ਥਾਂ 'ਤੇ ਦਰਦ ਜਾਂ ਲਾਲੀ ਵਧ ਜਾਂਦੀ ਹੈ; ਜਾਂ ਤੁਹਾਡੇ ਪ੍ਰਤੀਕੂਲ ਪ੍ਰਭਾਵ ਤੁਹਾਨੂੰ ਚਿੰਤਾਤੁਰ ਕਰ ਰਹੇ ਹਨ ਜਾਂ ਕੁਝ ਦਿਨਾਂ ਵਿੱਚ ਦੂਰ ਨਹੀਂ ਹੁੰਦੇ ਜਾਪਦੇ ਹਨ, ਕਿਰਪਾ ਕਰਕੇ ਆਪਣੇ ਡਾਕਟਰ ਨਾਲ ਸੰਪਰਕ ਕਰੋ।

ਜੇਕਰ ਤੁਸੀਂ ਡਾਕਟਰੀ ਸਹਾਇਤਾ ਦੀ ਮੰਗ ਕਰਦੇ ਹੋ, ਤਾਂ ਯਕੀਨੀ ਬਣਾਓ ਕਿ ਤੁਸੀਂ ਆਪਣੇ ਟੀਕਾਕਰਨ ਦੇ ਵੇਰਵਿਆਂ ਬਾਰੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਦੱਸਿਆ ਹੈ ਅਤੇ ਜੇਕਰ ਉਪਲਬਧ ਹੋਵੇ ਤਾਂ ਉਹਨਾਂ ਨੂੰ ਆਪਣਾ ਟੀਕਾਕਰਨ ਰਿਕਾਰਡ ਕਾਰਡ ਦਿਖਾਓ। ਹੈਲਥਕੇਅਰ ਪੇਸ਼ੇਵਰ ਫਿਰ ਉਚਿਤ ਮੁਲਾਂਕਣ ਕਰਨਗੇ ਅਤੇ, ਜੇਕਰ ਲੋੜ ਹੋਵੇ, ਤਾਂ ਅਗਲੀ ਕਾਰਵਾਈ ਅਤੇ ਮੁਲਾਂਕਣ ਲਈ ਸਿਹਤ ਵਿਭਾਗ ਨੂੰ ਡਾਕਟਰੀ ਤੌਰ 'ਤੇ ਮਹੱਤਵਪੂਰਨ ਮੰਨੇ ਜਾਣ ਵਾਲੇ ਕਿਸੇ ਵੀ AEFI ਦੀ ਰਿਪੋਰਟ ਕਰਨਗੇ।

ਕਿਰਪਾ ਕਰਕੇ ਸਿਹਤ ਦੇਖਭਾਲ ਪੇਸ਼ਾਵਰ ਨੂੰ COVID-19 ਟੀਕਾਕਰਨ ਨਾਲ ਸਬੰਧਿਤ ਸੁਰੱਖਿਆ ਅਤੇ ਕਲੀਨਿਕਲ ਘਟਨਾਵਾਂ ਦੀ ਲਗਾਤਾਰ ਨਿਗਰਾਨੀ ਕਰਨ ਲਈ ਸਿਹਤ ਵਿਭਾਗ ਨੂੰ ਪ੍ਰਤੀਕੂਲ ਘਟਨਾ ਦੀ ਜਾਣਕਾਰੀ, ਨਿੱਜੀ ਅਤੇ ਕਲੀਨਿਕਲ ਡਾਟਾ ਭੇਜਣ ਲਈ ਲਈ ਤੁਹਾਡੀ ਸਹਿਮਤੀ ਨਾਲ, AEFI ਦੀ ਰਿਪੋਰਟ ਕਰਨ ਦੀ ਇਜਾਜ਼ਤ ਦਿਓ।

**<u>ਸਿਹਤ ਸੰਭਾਲ ਪੇਸ਼ੇਵਰਾਂ ਨੂੰ ਸੁਨੇਹਾ:</u>**

ਕਿਰਪਾ ਕਰਕੇ ਡਾਕਟਰੀ ਮੁਲਾਂਕਣ ਕਰੋ ਅਤੇ ਜੇਕਰ ਤੁਸੀਂ ਵੈਕਸੀਨ ਨਾਲ ਸਬੰਧਿਤ AEFI ਨੂੰ ਡਾਕਟਰੀ ਤੌਰ 'ਤੇ ਮਹੱਤਵਪੂਰਨ ਸਮਝਦੇ ਹੋ, ਤਾਂ ਕਿਰਪਾ ਕਰਕੇ ਵੈੱਬਪੇਜ https://www.drugoffice.gov.hk/eps/do/en/healthcare_providers/adr_reporting/index.html 'ਤੇ ਔਨਲਾਈਨ ਰਿਪੋਰਟਿੰਗ ਰਾਹੀਂ ਸਿਹਤ ਵਿਭਾਗ ਦੇ ਡਰੱਗ ਦਫ਼ਤਰ ਨੂੰ ਰਿਪੋਰਟ ਕਰੋ।

ਜੇਕਰ ਟੀਕਾਕਰਣ ਤੋਂ ਬਾਅਦ ਵੈਕਸੀਨ ਪ੍ਰਾਪਤਕਰਤਾ ਨੂੰ ਗੰਭੀਰ ਪ੍ਰਤੀਕੂਲ ਘਟਨਾ ਦਾ ਅਨੁਭਵ ਹੁੰਦਾ ਹੈ, ਤਾਂ ਕਿਰਪਾ ਕਰਕੇ ਪ੍ਰਾਪਤਕਰਤਾ ਨੂੰ ਹਸਪਤਾਲ ਭੇਜੋ।

☐ ਮੈਂ ਤੱਥ ਪੱਤਰ ਅਤੇ ਨਿੱਜੀ ਡੇਟਾ ਦੇ ਇਕੱਤਰ ਕਰਨ ਦੇ ਉਦੇਸ਼ਾਂ ਦੇ ਵਿਵਰਣ ਵਿੱਚ ਦਿੱਤੀ ਗਈ ਸਾਰੀ ਜਾਣਕਾਰੀ ਨੂੰ ਪੜ੍ਹ ਅਤੇ ਸਮਝ ਲਿਆ ਹੈ, ਅਤੇ ਮੈਂ COVID-19 ਟੀਕਾਕਰਣ ਪ੍ਰੋਗਰਾਮ ਤਹਿਤ ਮੈਨੂੰ/ ਮੇਰੇ ਬੱਚੇ / ਮੇਰੇ ਵਾਰਡ* ਨੂੰ COVID-19 ਟੀਕਾਕਰਣ ਪ੍ਰਾਪਤ ਕਰਨ ਦੇ ਲਈ ਸਹਿਮਤੀ ਦਿੰਦਾ ਹਾਂ; ਅਤੇ ਸਿਹਤ ਵਿਭਾਗ ਅਤੇ ਸੰਬੰਧਤ ਸੰਸਥਾਵਾਂ (ਸਰਕਾਰ (ਹਾਂਗ ਕਾਂਗ ਯੂਨੀਵਰਸਿਟੀ ਸਮੇਤ) ਦੇ ਨਾਲ ਸਹਿਯੋਗ ਕਰਕੇ) ਨੂੰ (i) ਮੇਰੇ/ ਮੇਰੇ ਬੱਚੇ/ ਮੇਰੇ ਵਾਰਡ* ਦੇ ਨਿੱਜੀ ਡੇਟਾ ਅਤੇ (ii) ਮੇਰੇ/ ਮੇਰੇ ਬੱਚੇ/ ਮੇਰੇ ਵਾਰਡ* ਦੇ ਕਲੀਨਿਕਲ ਡੇਟਾ ਤੱਕ ਪਹੁੰਚ ਅਤ ਉਪਯੋਗ ਹਸਪਤਾਲ ਅਥਾਰਟੀ ਅਤੇ ਸਬੰਧਤ ਨਿੱਜੀ ਸਿਹਤ ਸੰਭਾਲ ਸੁਵਿਧਾਵਾਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਦੁਆਰਾ ਸਿਹਤ ਵਿਭਾਗ ਦੁਆਰਾ COVID-19 ਟੀਕਾਕਰਣ ਨਾਲ ਜੁੜੀਆਂ ਸੁਰੱਖਿਆ ਅਤੇ ਕਲੀਨੀਕਲ ਘਟਨਾਵਾਂ ਦੀ ਲਗਾਤਾਰ ਨਿਗਰਾਨੀ ਦੇ ਉਦੇਸ਼ ਨਾਲ, ਜਦ ਤੱਕ ਕਿ ਇਸ ਤਰ੍ਹਾਂ ਦੀ ਪਹੁੰਚ ਅਤੇ ਉਪਯੋਗ ਦੇ ਉਦੇਸ਼ ਲਈ ਜ਼ਰੂਰੀ ਹੋਵੇ।

*ਜਿੱਥੇ ਉੱਚਿਤ ਹੋਵੇ ਹਟਾਉ
ਸਰਕਾਰੀ COVID-19 ਟੀਕਾਕਰਣ ਪ੍ਰੋਗਰਾਮ ਦੇ ਬਾਰੇ ਵਿੱਚ ਵਧੇਰੇ ਜਾਣਕਾਰੀ ਦੇ ਲਈ ਕਿਰਪਾ ਕਰਕੇ
www.covidvaccine.gov.hk ਵੇਬਸਾਈਟ ਤੇ ਜਾਉ

ਅਨੁਵਾਦਿਤ ਸੰਸਕਰਣ ਸਿਰਫ ਹਵਾਲੇ ਲਈ ਹੈ। ਸੰਸਕਰਣ ਮਿਤੀ: 1 ਦਸੰਬਰ 2023

ਅਨੁਵਾਦਿਤ ਸੰਸਕਰਣ ਅਤੇ ਅੰਗਰੇਜ਼ੀ ਸੰਸਕਰਣ ਵਿਚਲੇ ਕਿਸੇ ਵੀ ਫਰਕ ਦੇ ਮਾਮਲੇ ਵਿੱਚ, ਅੰਗਰੇਜ਼ੀ ਸੰਸਕਰਣ ਵੈਧ ਹੋਵੇਗਾ।

Translated version is for reference only. Version date: 1 December 2023
In case of discrepancies between translated version and English version, English version shall prevail.